## ਅਧਿਆਇ 19

# ਅਸ਼ੁੱਧਤਾਈ ਦਾ ਸਾਹਮਣਾ ਕਰਨਾ

ਪਰਮੇਸ਼ੁਰ ਦੀ ਪਵਿੱਤਰ ਕੌਮ ਹੋਣ ਦੇ ਨਾਤੇ, ਇਸਰਾਏਲ ਨੇ ਅਸ਼ੁੱਧਤਾਈ ਤੋਂ ਬਚ ਕੇ ਰਹਿਣਾ ਸੀ। ਪਰ, ਮੁਰਦਿਆਂ ਦੁਆਰਾ ਅਸ਼ੁੱਧ ਹੋਣਾ ਲਾਜ਼ਮੀ ਸੀ। ਜਦੋਂ ਇਸਰਾਏਲੀ ਭਟਕਦੇ ਰਹੇ ਅਤੇ ਉਨ੍ਹਾਂ ਵਿਚ ਲਗਾਤਾਰ ਮੌਤਾਂ ਹੁੰਦੀਆਂ ਰਹੀਆਂ, ਮੁਰਦਿਆਂ ਦਾ ਸਾਹਮਣਾ ਕਰਨਾ ਇਕ ਰੋਜ਼ਾਨਾ ਦੀ ਜ਼ਰੂਰਤ ਸੀ।[1] ਗਿਣਤੀ 19 ਅਧਿਆਇ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਵਿਸਤ੍ਰਿਤ ਰੂਪ ਵਿਚ ਦੱਸਦੀਆਂ ਹਨ ਕਿ ਕਿਵੇਂ ਮੌਤ ਉਨ੍ਹਾਂ ਨੂੰ ਅਸ਼ੁੱਧ ਕਰੇਗੀ ਅਤੇ ਉਸ ਅਸ਼ੁੱਧਤਾਈ ਦੇ ਲਈ ਹੱਲ ਪ੍ਰਦਾਨ ਕਰੇਗੀ।

ਪਹਿਲਾਂ ਹੱਲ ਪੇਸ਼ ਕੀਤਾ ਗਿਆ ਹੈ (19:1-10)। ਫਿਰ ਬੰਦ ਇਹ ਵਿਆਖਿਆ ਕਰਦਾ ਹੈ ਕਿ ਕਿਵੇਂ ਉਸ ਹੱਲ ਨੂੰ ਉਸ ਅਸ਼ੁੱਧਤਾਈ ਦੀ ਸਮੱਸਿਆ ਤੇ ਲਾਗੂ ਕੀਤਾ ਜਾਣਾ ਸੀ ਜੋ ਮੌਤ ਦੇ ਨਾਲ ਸੰਪਰਕ ਦੇ ਨਤੀਜੇ ਵਜੋਂ ਹੋਈ ਸੀ (19:11-22)।

## ਜ਼ਿਕਰ ਕੀਤੀ ਗਈ ਭੇਟ (19:1-10)

**1ਯਹੋਵਾਹ ਮੂਸਾ ਅਤੇ ਹਾਰੂਨ ਨੂੰ ਬੋਲਿਆ, 2ਏਹ ਬਿਵਸਥਾ ਦੀ ਬਿਧੀ ਹੈ ਜਿਹ ਦਾ ਯਹੋਵਾਹ ਨੇ ਹੁਕਮ ਦਿੱਤਾ ਕਿ ਇਸਰਾਏਲੀਆਂ ਨੂੰ ਬੋਲ ਕਿ ਓਹ ਤੇਰੇ ਕੋਲ ਇੱਕ ਲਾਲ ਨਰੋਈ ਜੁਆਨ ਗਾਂ ਲਿਆਉਣ ਜਿਹੜੀ ਬੱਜ ਤੋਂ ਰਹਿਤ ਹੋਵੇ ਅਤੇ ਜਿਹ ਦੇ ਉੱਤੇ ਜੂਲਾ ਨਾ ਰੱਖਿਆ ਗਿਆ ਹੋਵੇ। 3ਅਤੇ ਤੁਸੀਂ ਉਹ ਨੂੰ ਅਲਆਜ਼ਾਰ ਜਾਜਕ ਨੂੰ ਦਿਓ ਅਤੇ ਉਹ ਉਸ ਨੂੰ ਡੇਰੇ ਤੋਂ ਬਾਹਰ ਲੈ ਜਾਵੇ ਅਤੇ ਉਹ ਦੇ ਸਾਹਮਣੇ ਕੋਈ ਉਸ ਨੂੰ ਕੱਟੇ। 4ਫੇਰ ਅਲਆਜ਼ਾਰ ਜਾਜਕ ਉਸ ਦੇ ਲਹੂ ਤੋਂ ਆਪਣੀ ਉਂਗਲੀ ਨਾਲ ਲੈ ਕੇ ਮੰਡਲੀ ਦੇ ਤੰਬੂ ਦੇ ਅਗਲੇ ਪਾਸੇ ਵੱਲ ਸੱਤ ਵਾਰ ਉਸ ਲਹੂ ਨੂੰ ਛਿੜਕੇ। 5ਤਾਂ ਕੋਈ ਉਸ ਗਾਂ ਨੂੰ ਉਹ ਦੀਆਂ ਅੱਖਾਂ ਦੇ ਸਾਹਮਣੇ ਸਾੜੇ, ਉਸ ਨੂੰ ਚਮੜੇ, ਮਾਸ, ਲਹੂ ਅਤੇ ਗੋਹੇ ਸਣੇ ਸਾੜੇ। 6ਫੇਰ ਜਾਜਕ ਦਿਆਰ ਦੀ ਲੱਕੜੀ ਅਤੇ ਜੂਫ਼ਾ ਅਤੇ ਕਿਰਮਚੀ ਰੰਗ ਲੈ ਕੇ ਗਾਂ ਦੇ ਸਾੜਨ ਦੀ ਅੱਗ ਵਿੱਚ ਸੁੱਟੇ। 7ਫੇਰ ਜਾਜਕ ਆਪਣੇ ਕੱਪੜੇ ਧੋਵੇ ਅਤੇ ਅਸ਼ਨਾਨ ਕਰੇ। ਉਸ ਦੇ ਮਗਰੋਂ ਉਹ ਡੇਰੇ ਵਿੱਚ ਆਵੇ ਪਰ ਉਹ ਜਾਜਕ ਸੰਝ ਤੀਕ ਅਸ਼ੁੱਧ ਰਹੇਗਾ। 8ਅਤੇ ਸਾੜਨ ਵਾਲਾ ਵੀ ਆਪਣੇ ਕੱਪੜੇ ਧੋਵੇ ਅਤੇ ਅਸ਼ਨਾਨ ਕਰੇ ਅਰ ਸੰਝ ਤੀਕ ਅਸ਼ੁੱਧ ਰਹੇ। 9ਕੋਈ ਸ਼ੁੱਧ ਮਨੁੱਖ ਗਾਂ ਦੀ ਸੁਆਹ ਇਕੱਠੀ ਕਰੇ ਅਤੇ ਉਹ ਨੂੰ ਡੇਰੇ ਤੋਂ ਬਾਹਰ ਸ਼ੁੱਧ ਅਸਥਾਨ ਵਿੱਚ ਰੱਖੇ ਅਤੇ ਉਹ ਇਸਰਾਏਲੀਆਂ ਦੀ ਮੰਡਲੀ ਲਈ ਅਸ਼ੁੱਧਤਾਈ ਦੂਰ ਕਰਨ ਦਾ ਜਲ ਕਰਕੇ ਰੱਖੀ ਜਾਵੇ, ਓਹ ਪਾਪ ਦੀ ਭੇਟ ਹੈ। 10ਅਤੇ ਜਿਹੜਾ ਗਾਂ ਦੀ ਸੁਆਹ ਇਕੱਠੀ ਕਰਦਾ ਹੈ ਉਹ ਆਪਣੇ ਕੱਪੜੇ ਧੋਵੇ ਅਤੇ ਉਹ ਸੰਝ ਤੀਕ ਅਸ਼ੁੱਧ ਰਹੇਗਾ। ਇਸਰਾਏਲੀਆਂ ਲਈ ਅਤੇ ਪਰਦੇਸੀ ਲਈ ਜਿਹੜਾ ਉਨ੍ਹਾਂ ਦੇ ਵਿੱਚ ਟਿਕਦਾ ਹੈ ਏਹ ਸਦਾ ਦੀ ਬਿਧੀ ਹੋਵੇਗੀ।**

**ਆਇਤਾਂ 1, 2.** ਸ਼ੁੱਧਤਾ ਦੇ ਤਰੀਕੇ ਦੇ ਰੂਪ ਵਿਚ, ਪਰਮੇਸ਼ੁਰ ਨੇ **ਮੂਸਾ ਅਤੇ ਹਾਰੂਨ** ਨੂੰ **ਲਾਲ ਨਰੋਈ ਗਾਂ** ਜਿਹੜੀ **ਬੱਜ ਤੋਂ ਰਹਿਤ** ਹੋਵੇ ਲੈਣ ਦੀ ਹਦਾਇਤ ਦਿੱਤੀ ਸੀ। "ਨਰੋਈ" ਅਤੇ "ਬੱਜ ਤੋਂ

ਰਹਿਤ" ਸ਼ਬਦ ਆਮ ਤੌਰ ਤੇ ਇਕ ਤੰਦਰੁਸਤ ਪਸੂ ਦਾ ਵਰਣਨ ਕਰਨ ਦੇ ਲਈ ਵਰਤੇ ਗਏ ਹਨ ਜੋ ਭੇਟ ਦੇ ਲਈ ਯੋਗ ਹੈ। ਅਨੁਵਾਦ ਕੀਤਾ ਗਿਆ ਸ਼ਬਦ "ਗਾਂ" פָּרָה *(ਪਾਰਾਹ)* ਇਕ ਇਬਰਾਨੀ ਸ਼ਬਦ ਹੈ ਜੋ "ਗਾਂ" ਦੇ ਲਈ ਵਰਤਿਆ ਗਿਆ ਹੈ। ਇਸ ਦਾ ਅਨੁਵਾਦ "ਗਾਂ" - ਇਕ ਜੁਆਨ ਗਾਂ ਜਿਸ ਨੇ ਹਾਲੇ ਤੱਕ ਵੱਛੇ ਨੂੰ ਜਨਮ ਨਹੀਂ ਦਿੱਤਾ ਹੈ - ਕੀਤਾ ਗਿਆ ਹੈ ਕਿਉਂਕਿ ਇਕ ਜੁਆਨ ਪਸੂ ਹੀ ਇਸ ਸ਼ਰਤ ਨੂੰ ਪੂਰਾ ਕਰੇਗਾ ਕਿ **ਜਿਹ ਦੇ ਉੱਤੇ ਜੂਲਾ ਨਾ ਰੱਖਿਆ ਗਿਆ ਹੋਵੇ**।[2] "ਜੂਲਾ" ਦਾ ਜ਼ਿਕਰ ਦਾ ਅਰਥ ਇਹ ਹੈ ਕਿ ਪਸੂ ਨੂੰ ਮੁੱਖ ਤੌਰ ਤੇ ਹਲ ਜਾਂ ਗੱਡਿਆਂ ਨੂੰ ਖਿੱਚਣ ਦੇ ਲਈ ਵਰਤਿਆ ਜਾਂਦਾ ਸੀ। ਇੱਥੇ ਜਿਸ ਗਾਂ ਦਾ ਵਰਣਨ ਕੀਤਾ ਗਿਆ ਹੈ ਉਸ ਨੂੰ ਕਦੇ ਵੀ ਆਮ ਉਦੇਸ਼ਾਂ ਦੇ ਲਈ ਨਹੀਂ ਸੀ ਵਰਤਿਆ ਗਿਆ।

ਮੂਸਾ ਅਤੇ ਹਾਰੂਨ ਨੂੰ ਦਿੱਤੇ ਗਏ ਹੁਕਮ ਨੂੰ **ਬਿਵਸਥਾ ਦੀ ਬਿਧੀ** ਕਿਹਾ ਗਿਆ ਹੈ **ਜਿਹ ਦਾ ਯਹੋਵਾਹ ਨੇ ਹੁਕਮ ਦਿੱਤਾ**। ਲਾਉਰਿਸਟਨ ਜੇ. ਡੂ ਬੋਇਸ ਅਨੁਸਾਰ, ਇਹ ਸ਼ਬਦਾਵਲੀ "ਅਨੋਖੀ ਹੈ ਅਤੇ ਉਸ ਬਿਧੀ ਨੂੰ ਸਰਵੋਤਮ ਮਹੱਤਵ ਦਿੰਦੀ ਹੈ ਜੋ ਦਿੱਤੀ ਜਾਣ ਵਾਲੀ ਹੈ।"[3] ਕਲਾਈਡ ਐਮ. ਵੁਡਸ ਅਤੇ ਜਸਟਿਨ ਐਮ. ਰੋਜਰਸ ਨੇ ਸੋਚਿਆ ਕਿ "*ਬਿਧੀ ਦੀ ਜ਼ਰੂਰਤ* [NIV] ਸ਼ਬਦਾਵਲੀ ਦਾ ਅਰਥ ਸ਼ੁੱਧ ਹੋਣ ਦੀ ਰਸਮ ਤੇ ਜ਼ੋਰ" ਨੂੰ ਦਰਸਾਉਂਦਾ ਹੈ।[4]

**ਆਇਤਾਂ 3-6.** ਲਾਲ ਗਾਂ ਨੂੰ **ਅਲਆਜ਼ਾਰ ਜਾਜਕ ਦੁਆਰਾ ਡੇਰੇ ਤੋਂ ਬਾਹਰ** ਲਿਜਾਇਆ ਜਾਵੇਗਾ, ਜਿੱਥੇ ਇਸ ਨੂੰ **ਉਹ ਦੇ ਸਾਹਮਣੇ ਕੱਟਿਆ** ਜਾਵੇਗਾ। ਇਸ ਕੰਮ ਦੇ ਲਈ ਪਰਧਾਨ ਜਾਜਕ ਹਾਰੂਨ ਦੀ ਬਜਾਇ ਅਲਆਜ਼ਾਰ ਨੂੰ ਕਿਉਂ ਚੁਣਿਆ ਗਿਆ ਸੀ? ਸ਼ਾਇਦ ਪਰਧਾਨ ਜਾਜਕ ਦੇ ਲਈ ਲਾਲ ਗਾਂ ਦੀ ਸੁਆਹ ਦੀ ਤਿਆਰੀ ਦੇ ਸੰਬੰਧ ਵਿਚ ਅਸ਼ੁੱਧ ਬਣਨਾ ਅਣਉਚਿਤ ਹੋਵੇਗਾ।

**ਅਲਆਜ਼ਾਰ** ਨੇ ਕੱਟੀ ਹੋਈ ਗਾਂ ਦੇ **ਲਹੂ** ਵਿਚ **ਆਪਣੀ ਉਂਗਲੀ** ਡੁਬਾਉਣੀ ਸੀ ਅਤੇ **ਸੱਤ ਵਾਰ** ਉਸ ਲਹੂ ਨੂੰ ਡੇਰੇ ਦੇ ਵੱਲ **ਛਿੜਕਨਾ** ਸੀ। ਪਰਾਸਚਿਤ ਕਰਨ ਜਾਂ ਸ਼ੁੱਧ ਹੋਣ ਵਰਗੀਆਂ ਹੋਰ ਰਸਮਾਂ ਵੀ ਸੱਤ ਵਾਰ ਲਹੂ ਦੇ ਛਿੜਕਣ ਦੀ ਮੰਗ ਕਰਦੀਆਂ ਸਨ (ਲੇਵੀਆਂ 4:6, 17; 14:51; 16:14, 19)।

ਇਸ ਤੋਂ ਬਾਅਦ, ਅਲਆਜ਼ਾਰ ਦੀਆਂ ਅੱਖਾਂ ਦੇ ਸਾਹਮਣੇ ਪੂਰੇ ਪਸੂ ਨੂੰ - **ਚਮੜੇ, ਮਾਸ, ਲਹੂ ਅਤੇ ਗੋਹੇ** ਸਣੇ - **ਸਾੜਿਆ** ਜਾਣਾ ਸੀ। ਜਦੋਂ ਬਲੀ ਨੂੰ ਸਾੜਿਆ ਜਾਣਾ ਸੀ, ਅਲਆਜ਼ਾਰ ਨੇ ਅੱਗ ਉੱਤੇ **ਦਿਆਰ ਦੀ ਲੱਕੜੀ ਅਤੇ ਜੂਫ਼ਾ ਅਤੇ ਕਿਰਮਚੀ ਰੰਗ** ਪਾਉਣਾ ਸੀ (ਲੇਵੀਆਂ 14:4, 6, 49, 51, 52)। ਗਾਂ ਦੇ ਚਮੜੇ ਵਿਚ ਮਿਲਾਈ ਗਈ "ਦਿਆਰ ਦੀ ਲੱਕੜੀ" ਅਤੇ "ਕਿਰਮਚੀ ਰੰਗ," ਨਾਲੇ ਇਹ ਤੱਥ ਕਿ ਲਹੂ ਬਾਕੀ ਦੇ ਸਾਰੇ ਪਸੂ ਨਾਲ ਸਾੜ ਦਿੱਤਾ ਗਿਆ ਸੀ, ਸਾਰੇ ਲਾਲ ਰੰਗ ਤੇ ਜ਼ੋਰ ਦਿੰਦੇ ਹਨ ਅਤੇ ਇਹ ਦੱਸਦੇ ਹਨ ਕਿ ਇਹ ਮਿਸ਼ਰਣ ਬਲੀਦਾਨ ਕੀਤੇ ਜਾ ਰਹੇ ਪਸੂ ਦੇ ਲਹੂ ਵਰਗਾ ਕੰਮ ਕਰੇਗਾ।[5]

**ਆਇਤਾਂ 7, 8. ਜਾਜਕ** ਜਿਹੜਾ ਗਾਂ ਨੂੰ ਡੇਰੇ ਤੋਂ ਬਾਹਰ ਲਿਆਇਆ ਸੀ ਅਤੇ ਉਹ ਵਿਅਕਤੀ ਜਿਸ ਨੇ ਇਸ ਨੂੰ ਸਾੜਿਆ ਸੀ ਦੋਵੇਂ ਲੋਥ ਨੂੰ ਹੱਥ ਲਾਉਣ ਦੇ ਕਾਰਣ **ਸੰਝ ਤੀਕ ਅਸ਼ੁੱਧ** ਰਹਿੰਦੇ ਸਨ। ਉਨ੍ਹਾਂ ਨੂੰ ਫੇਰ ਤੋਂ ਸ਼ੁੱਧ ਹੋਣ ਦੇ ਲਈ ਆਪਣੇ ਕੱਪੜੇ **ਧੋਣ** ਅਤੇ **ਅਸ਼ਨਾਨ ਕਰਨ** ਦੀ ਲੋੜ ਹੁੰਦੀ ਸੀ।

**ਆਇਤਾਂ 9, 10.** ਗਾਂ ਦੇ ਪੂਰੀ ਤਰ੍ਹਾਂ ਸੜਨ ਤੋਂ ਬਾਅਦ, ਉਹ **ਮਨੁੱਖ** ਜਿਹੜਾ ਰਸਮੀ ਤੌਰ ਤੇ ਸ਼ੁੱਧ ਸੀ ਉਸ ਨੇ **ਸੁਆਹ ਇਕੱਠੀ ਕਰਨੀ** ਸੀ ... **ਅਤੇ ਉਹ ਨੂੰ ਡੇਰੇ ਤੋਂ ਬਾਹਰ ਸ਼ੁੱਧ ਅਸਥਾਨ ਵਿੱਚ ਰੱਖਣਾ** ਸੀ। ਸੁਆਹ ਵਾਲਾ ਭਾਂਡਾ **ਅਸ਼ੁੱਤਤਾਈ ਦੂਰ ਕਰਨ ਦਾ ਜਲ** ਕਰਕੇ ਰੱਖਿਆ ਜਾਣਾ ਸੀ।[6] ਉਹ ਵਿਅਕਤੀ ਜਿਹੜਾ ਸੁਆਹ ਨੂੰ ਚੁੱਕ ਕੇ ਸ਼ੁੱਧ ਅਸਥਾਨ ਤੇ ਲੈ ਕੇ ਗਿਆ ਸੀ ਅਸ਼ੁੱਧ ਹੋ ਗਿਆ ਸੀ; ਇਸ ਲਈ ਉਸ ਨੂੰ ਵੀ **ਆਪਣੇ ਕੱਪੜੇ ਧੋਣੇ** ਪੈਣੇ ਸਨ ਅਤੇ ਉਸ ਨੇ ਵੀ **ਸੰਝ ਤੀਕ**

**ਅਸ਼ੁੱਧ** ਰਹਿਣਾ ਸੀ। ਇਕ ਰੱਬੀ ਕਹਾਉਤ ਇਨ੍ਹਾਂ ਆਇਤਾਂ ਵਿਚ ਵਰਣਨ ਕੀਤੀ ਗਈ ਸੁਆਹ ਦੇ ਵਿਰੋਧਾਭਾਸ ਨੂੰ ਇਸ ਤਰ੍ਹਾਂ ਲੈਂਦੀ ਹੈ: "ਉਹ ਅਸ਼ੁੱਧ ਨੂੰ ਸ਼ੁੱਧ ਕਰਦੇ ਹਨ ਅਤੇ ਸ਼ੁੱਧ ਨੂੰ ਅਸ਼ੁੱਧ ਕਰਦੇ ਹਨ।"[7]

ਇਹ ਭਾਗ ਇਹ ਕਹਿਣ ਦੁਆਰਾ ਖਤਮ ਹੁੰਦਾ ਹੈ ਕਿ ਇਹ ਬਿਧੀ **ਸਦਾ ਦੀ ਬਿਧੀ** ਹੋਵੇਗੀ। ਇਸ ਦਾ ਅਰਥ ਇਹ ਹੈ ਕਿ ਲਾਲ **ਗਾਂ** ਦੀ ਰਸਮ ਅਕਸਰ ਲੋੜ ਪੈਣ ਦੇ ਦੁਹਰਾਈ ਜਾਣੀ ਸੀ। ਇਹ ਡੇਰੇ ਵਿਚ **ਇਸਰਾਏਲੀਆਂ ਲਈ ਅਤੇ ਪਰਦੇਸੀ** [ਗੈਰ-ਇਸਰਾਏਲੀ] **ਲਈ** ਇੱਕੋ ਜਿਹੀ ਲਾਗੂ ਹੋਵੇਗੀ।

## ਲਾਗੂ ਕੀਤਾ ਜਾਣਾ (19:11-22)

**11ਜੋ ਕੋਈ ਕਿਸੇ ਆਦਮੀ ਦੀ ਲੋਥ ਨੂੰ ਛੋਹੇ ਉਹ ਸੱਤ ਦਿਨ ਅਸ਼ੁੱਧ ਰਹੇ। 12ਉਹ ਤੀਜੇ ਦਿਨ**
**ਆਪਣੇ ਆਪ ਨੂੰ ਉਹ ਦੇ ਨਾਲ ਸ਼ੁੱਧ ਕਰੇ ਤਾਂ ਸੱਤਵੇਂ ਦਿਨ ਉਹ ਸ਼ੁੱਧ ਹੋਵੇਗਾ ਪਰ ਜੇ ਉਹ ਤੀਜੇ**
**ਦਿਨ ਆਪਣੇ ਆਪ ਨੂੰ ਸ਼ੁੱਧ ਨਾ ਕਰੇ ਤਾਂ ਸੱਤਵੇਂ ਦਿਨ ਓਹ ਸ਼ੁੱਧ ਨਹੀਂ ਹੋਵੇਗਾ। 13ਜੋ ਕੋਈ ਕਿਸੇ**
**ਆਦਮੀ ਦੀ ਲੋਥ ਨੂੰ ਜਿਹੜਾ ਮਰ ਗਿਆ ਹੋਵੇ ਛੋਹੇ ਅਤੇ ਆਪਣੇ ਆਪ ਨੂੰ ਸ਼ੁੱਧ ਨਾ ਕੀਤਾ ਹੋਵੇ**
**ਉਹ ਯਹੋਵਾਹ ਦੇ ਡੇਹਰੇ ਨੂੰ ਭਰਿਸ਼ਟ ਕਰਦਾ ਹੈ ਸੋ ਉਹ ਪ੍ਰਾਣੀ ਇਸਰਾਏਲ ਵਿੱਚੋਂ ਛੇਕਿਆ ਜਾਵੇ,**
**ਏਸ ਲਈ ਕਿ ਅਸ਼ੁੱਧਤਾਈ ਦਾ ਜਲ ਉਹ ਦੇ ਉੱਤੇ ਨਹੀਂ ਛਿੜਕਿਆ ਗਿਆ, ਉਹ ਅਸ਼ੁੱਧ ਹੋਵੇਗਾ।**
**ਉਹ ਅਜੇ ਅਸ਼ੁੱਧ ਹੈ। 14ਏਹ ਬਿਵਸਥਾ ਹੈ ਜਦ ਕੋਈ ਮਨੁੱਖ ਤੰਬੂ ਵਿੱਚ ਮਰ ਜਾਵੇ। ਜੋ ਕੋਈ ਤੰਬੂ**
**ਵਿੱਚ ਵੜੇ ਅਤੇ ਜੋ ਕੋਈ ਤੰਬੂ ਵਿੱਚ ਹੋਵੇ ਸੱਤ ਦਿਨ ਤੀਕ ਅਸ਼ੁੱਧ ਰਹੇਗਾ। 15ਸਾਰੇ ਭਾਂਡੇ ਜਿਨ੍ਹਾਂ**
**ਉੱਤੇ ਕੋਈ ਢੱਕਣ ਨਾ ਬੰਨ੍ਹੇ ਹੋਏ ਹੋਣ ਓਹ ਅਸ਼ੁੱਧ ਹਨ। 16ਜੋ ਕੋਈ ਰੜ ਵਿੱਚ ਤੇਗ ਨਾਲ ਵੱਢੇ ਹੋਏ**
**ਨੂੰ ਯਾ ਕਿਸੇ ਲੋਥ ਨੂੰ ਯਾ ਆਦਮੀ ਦੀ ਹੱਡੀ ਨੂੰ ਯਾ ਕਿਸੇ ਕਬਰ ਨੂੰ ਛੋਹੇ ਉਹ ਸੱਤ ਦਿਨ ਅਸ਼ੁੱਧ**
**ਰਹੇਗਾ। 17ਅਤੇ ਉਸ ਅਸ਼ੁੱਧ ਲਈ ਉਹ ਪਾਪ ਦੀ ਭੇਟ ਦੀ ਸਾੜਨ ਦੀ ਸੁਆਹ ਤੋਂ ਲੈਣ ਅਤੇ ਉਸ**
**ਉੱਤੇ ਵਗਦਾ ਪਾਣੀ ਇੱਕ ਭਾਂਡੇ ਵਿੱਚ ਪਾਇਆ ਜਾਵੇ। 18ਅਤੇ ਕੋਈ ਸ਼ੁੱਧ ਮਨੁੱਖ ਜ਼ੂਫ਼ਾ ਲੈ ਕੇ ਉਸ**
**ਜਲ ਵਿੱਚ ਡਬੋਵੇ, ਫੇਰ ਉਸ ਤੰਬੂ ਉੱਤੇ ਅਤੇ ਸਾਰੇ ਭਾਂਡਿਆਂ ਉੱਤੇ ਅਤੇ ਉਨ੍ਹਾਂ ਪ੍ਰਾਣੀਆਂ ਉੱਤੇ ਜਿਹੜੇ**
**ਉੱਥੇ ਸਨ, ਨਾਲੇ ਉਸ ਉੱਤੇ ਜਿਹ ਨੇ ਹੱਡੀ ਨੂੰ ਯਾ ਵੱਢੇ ਹੋਏ ਨੂੰ ਯਾ ਲੋਥ ਨੂੰ ਯਾ ਕਬਰ ਨੂੰ ਛੋਹਿਆ**
**ਛਿੜਕੇ। 19ਅਤੇ ਸ਼ੁੱਧ ਜਨ ਅਸ਼ੁੱਧ ਉੱਤੇ ਤੀਜੇ ਦਿਨ ਅਤੇ ਸੱਤਵੇਂ ਦਿਨ ਛਿੜਕੇ ਅਤੇ ਇਉਂ ਸੱਤਵੇਂ**
**ਦਿਨ ਉਹ ਨੂੰ ਸ਼ੁੱਧ ਕਰੇ। ਉਹ ਆਪਣੇ ਕੱਪੜੇ ਧੋਵੇ ਅਤੇ ਅਸ਼ਨਾਨ ਕਰੇ ਤਾਂ ਉਹ ਸੰਝ ਨੂੰ ਸ਼ੁੱਧ**
**ਹੋਵੇਗਾ। 20ਪਰ ਮਨੁੱਖ ਜਿਹੜਾ ਅਸ਼ੁੱਧ ਰਹੇ ਅਤੇ ਆਪਣੇ ਆਪ ਨੂੰ ਸ਼ੁੱਧ ਨਾ ਕਰੇ ਉਹ ਪ੍ਰਾਣੀ ਸਭਾ**
**ਵਿੱਚੋਂ ਛੇਕਿਆ ਜਾਵੇ ਕਿਉਂ ਜੋ ਉਹ ਨੇ ਯਹੋਵਾਹ ਦੇ ਪਵਿੱਤ੍ਰ ਅਸਥਾਨ ਨੂੰ ਭਰਿਸ਼ਟ ਕੀਤਾ।**
**ਅਸ਼ੁੱਧਤਾਈ ਦਾ ਜਲ ਉਹ ਦੇ ਉੱਤੇ ਨਹੀਂ ਛਿੜਕਿਆ ਗਿਆ ਸੋ ਉਹ ਅਸ਼ੁੱਧ ਹੈ। 21ਅਤੇ ਉਨ੍ਹਾਂ ਲਈ**
**ਏਹ ਸਦਾ ਦੀ ਬਿਧੀ ਹੋਵੇਗੀ ਅਤੇ ਅਸ਼ੁੱਧਤਾਈ ਦੇ ਜਲ ਦਾ ਛਿੜਕਣ ਵਾਲਾ ਆਪਣੇ ਕੱਪੜੇ ਧੋਵੇ**
**ਅਤੇ ਅਸ਼ੁੱਧਤਾਈ ਦੇ ਜਲ ਨੂੰ ਛੋਹਣ ਵਾਲਾ ਸੰਝ ਤੀਕ ਅਸ਼ੁੱਧ ਰਹੇ। 22ਅਤੇ ਜੋ ਕੁਝ ਅਸ਼ੁੱਧ ਜਨ**
**ਛੋਹੇ ਉਹ ਅਸ਼ੁੱਧ ਹੋਵੇਗਾ ਅਤੇ ਜਿਹੜਾ ਪ੍ਰਾਣੀ ਉਸ ਚੀਜ਼ ਨੂੰ ਛੋਹੇ ਉਹ ਸੰਝ ਤੀਕ ਅਸ਼ੁੱਧ ਰਹੇਗਾ।**

19 ਅਧਿਆਇ ਦਾ ਦੂਜਾ ਭਾਗ ਲੋਥ ਦੇ ਕਾਰਣ ਹੋਣ ਵਾਲੀ ਅਸ਼ੁੱਧਤਾਈ ਅਤੇ ਫੇਰ ਤੋਂ ਕਿਵੇਂ ਸ਼ੁੱਧ ਹੋਣਾ ਹੈ ਨੂੰ ਸੰਬੋਧਿਤ ਕਰਦਾ ਹੈ। 11 ਤੋਂ 22 ਆਇਤਾਂ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਲੇਵੀਆਂ 11-15 ਅਤੇ ਗਿਣਤੀ 5 ਵਿਚ ਦਿੱਤੇ ਗਏ ਕਾਨੂੰਨ ਨੂੰ ਵਿਸਤਾਰ ਦਿੰਦੀਆਂ ਹਨ (5:1-3 ਤੇ ਟਿੱਪਣੀਆਂ ਵੇਖੋ)। ਪਿਛਲੀਆਂ ਬਿਧੀਆਂ ਵਿਚ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਅਸ਼ੁੱਧਤਾਈ ਦੇ ਗੰਭੀਰ ਮਾਮਲਿਆਂ ਦੇ ਲਈ (ਸਭ ਤੋਂ ਭੈੜੀ ਅਸ਼ੁੱਧਤਾਈ ਉਹ ਸੀ ਜੋ ਲੋਥ ਨੂੰ ਛੋਹਣ

ਦੇ ਕਾਰਣ ਹੁੰਦੀ ਸੀ), ਸੱਤ ਦਿਨ ਦੀ ਸਮਾਂ ਅਵਧਿ ਤੋਂ ਬਾਅਦ ਇਕ ਭੇਟ ਚੜ੍ਹਾਉਣੀ ਪੈਂਦੀ ਸੀ।

**ਆਇਤਾਂ 11, 12.** ਮੂਸਾ ਨੇ ਇਕ ਨਿਯਮ ਨਾਲ ਸ਼ੁਰੂਆਤ ਕੀਤੀ ਸੀ ਅਤੇ ਉਸ ਨਿਯਮ ਨੂੰ ਵੱਖ-ਵੱਖ ਹਾਲਾਤਾਂ ਤੇ ਲਾਗੂ ਕਰਨ ਦੁਆਰਾ ਅੱਗੇ ਜਾਰੀ ਰੱਖਿਆ। ਇਹ ਨਿਯਮ ਇਨ੍ਹਾਂ ਆਇਤਾਂ ਵਿਚ ਦੱਸਿਆ ਗਿਆ ਹੈ: **ਜੋ ਕੋਈ ਕਿਸੇ ਆਦਮੀ ਦੀ ਲੋਥ ਨੂੰ ਛੋਹੇ ਉਹ ਸੱਤ ਦਿਨ ਅਸ਼ੁੱਧ ਰਹੇ। ਉਹ ਤੀਜੇ ਦਿਨ ਆਪਣੇ ਆਪ ਨੂੰ ਉਹ ਦੇ ਨਾਲ ਸ਼ੁੱਧ ਕਰੇ ਤਾਂ ਸੱਤਵੇਂ ਦਿਨ ਉਹ ਸ਼ੁੱਧ ਹੋਵੇਗਾ।** ਜੇਕਰ ਉਹ ਨਿਰਧਾਰਤ ਦਿਨਾਂ ਤੇ **ਆਪਣੇ ਆਪ ਨੂੰ ਸ਼ੁੱਧ ਕਰਨ** ਵਿਚ ਅਸਫ਼ਲ ਹੋ ਜਾਂਦਾ ਹੈ, ਉਹ **ਸ਼ੁੱਧ ਨਹੀਂ ਹੋਵੇਗਾ**।

**ਆਇਤ 13.** ਜ਼ੋਰ ਦੇ ਲਈ, **ਲੋਥ ਨੂੰ ਛੋਹਣ** ਤੋਂ ਬਾਅਦ ਆਪਣੇ ਆਪ ਨੂੰ **ਸ਼ੁੱਧ** ਨਾ ਕਰਨ ਦੇ ਨਤੀਜੇ ਦਾ ਇਸ ਆਇਤ ਵਿਚ ਵਿਸਤਾਰ ਨਾਲ ਵਰਣਨ ਕੀਤਾ ਗਿਆ ਹੈ: ਜਿਹੜਾ ਵਿਅਕਤੀ ਅਜਿਹੇ ਅਪਰਾਧ ਦਾ ਦੋਸ਼ੀ ਸੀ ਉਹ ਨਾ ਸਿਰਫ ਅਸ਼ੁੱਧ ਰਹਿੰਦਾ ਸੀ, ਪਰ ਉਸ ਨੇ **ਯਹੋਵਾਹ ਦੇ ਡੇਹਰੇ ਨੂੰ ਵੀ ਭਰਿਸ਼ਟ** ਕੀਤਾ ਸੀ। ਸਿੱਟੇ ਵਜੋਂ, ਉਸ ਨੇ **ਇਸਰਾਏਲ ਵਿੱਚੋਂ ਛੇਕਿਆ ਜਾਣਾ** ਸੀ; ਉਹ ਮੌਤ ਦੀ ਸਜ਼ਾ ਦੇ ਅਧੀਨ ਸੀ (ਵੇਖੋ 9:13; 15:30, 31)।

**ਆਇਤਾਂ 14-16.** ਆਦਮੀ ਦੀ ਲੋਥ ਨੂੰ ਛੋਹਣ ਤੋਂ ਇਲਾਵਾ (19:11), ਲੋਥ ਨਾਲ ਅਸ਼ੁੱਧ ਹੋਣ ਦੇ ਦੋ ਹੋਰ ਤਰੀਕਿਆਂ ਬਾਰੇ ਇਸ ਬੰਦ ਵਿਚ ਚਰਚਾ ਕੀਤੀ ਗਈ ਹੈ। ਇਕ ਵਿਅਕਤੀ **ਅਸ਼ੁੱਧ** ਹੋ ਸਕਦਾ ਸੀ (1) ਉਸ ਸਮੇਂ ਤੰਬੂ ਵਿਚ ਹੋਣ ਦੁਆਰਾ ਜਦੋਂ ਕੋਈ ਮਰਦਾ ਸੀ ਜਾਂ (2) ਕਿਸੇ ਰੜ ਵਿਚ ਲੋਥ ਨੂੰ ਹੱਥ ਲਾਉਣ ਦੁਆਰਾ। ਉਸ ਵਿਅਕਤੀ ਨੂੰ ਛੋਹਣਾ ਜਿਹੜਾ ਯੁੱਧ ਵਿਚ ਤੇਗ ਨਾਲ ਵੱਢਿਆ ਗਿਆ ਸੀ ਜਾਂ ਉਹ ਜਿਹੜਾ **ਲੋਥ ਨੂੰ ਯਾ ਆਦਮੀ ਦੀ ਹੱਡੀ ਨੂੰ ਯਾ ਕਿਸੇ ਕਬਰ ਨੂੰ** ਛੋਹਣ ਦੁਆਰਾ ਅਸ਼ੁੱਧ ਹੋਇਆ ਸੀ।[8] ਇਹ ਅਸ਼ੁੱਧਤਾਈ **ਸੱਤ ਦਿਨ** ਤੱਕ ਰਹਿੰਦੀ ਸੀ।

**ਆਇਤ 17.** ਭਾਵੇਂ ਕੋਈ ਕਿਸੇ ਵੀ ਤਰ੍ਹਾਂ ਅਸ਼ੁੱਧ ਹੋਇਆ ਸੀ, **ਅਸ਼ੁੱਧ** ਲਈ ਸਮੱਸਿਆ ਦਾ ਹੱਲ ਇੱਕੋ ਜਿਹਾ ਸੀ: **ਭਾਂਡੇ ਵਿੱਚ** ਲਾਲ ਗਾਂ ਦੀ **ਸੁਆਹ** ਵਿਚ **ਵਗਦਾ ਪਾਣੀ** ਪਾਇਆ ਜਾਣਾ ਸੀ। **ਪਾਪ ਦੀ ਭੇਟ ਦੀ ਸਾੜਨ** ਦੀ ਬਜਾਇ NIV ਬਾਈਬਲ ਵਿਚ "ਸੜੀ ਭੇਟ" ਹੈ। ਵੁਡਸ ਅਤੇ ਰੋਜਰਸ ਨੇ ਲਾਲ ਗਾਂ ਨੂੰ ਭੇਟ ਵਜੋਂ ਨਹੀਂ ਸਮਝਿਆ।[9] ਹੋਰ ਦਾਅਵਾ ਕਰਦੇ ਹਨ ਕਿ ਲਾਲ ਗਾਂ ਦਾ ਸੜਨਾ ਸੱਚਮੁੱਚ ਇਕ ਭੇਟ ਸੀ।[10]

**ਆਇਤਾਂ 18, 19. ਸ਼ੁੱਧ ਮਨੁੱਖ** ਨੇ **ਜ਼ੂਫੇ** ਦੀ ਟਹਿਣੀ ਨੂੰ ਤਰਲ ਮਿਸ਼ਰਣ ਵਿਚ ਡੁਬੋਣਾ ਸੀ ਅਤੇ ਜੋ ਕੁਝ ਵੀ ਅਸ਼ੁੱਧ ਹੋਇਆ ਸੀ ਇਸ ਨੂੰ ਉਸ ਉੱਤੇ - **ਤੰਬੂ**, **ਸਾਰੇ ਭਾਂਡਿਆਂ** ਅਤੇ **ਉਨ੍ਹਾਂ ਪ੍ਰਾਣੀਆਂ ਉੱਤੇ ਜਿਹੜੇ ਉੱਥੇ ਸਨ**, ਉਸ ਉੱਤੇ ਵੀ **ਜਿਹ ਨੇ ਹੱਡੀ**, **ਕਬਰ**, ਜਾਂ ਲੋਥ ਨੂੰ **ਛੋਹਿਆ** ਸੀ - **ਛਿੜਕਣਾ** ਸੀ। ਇਹ ਪ੍ਰਕਿਰਿਆ **ਤੀਜੇ ਦਿਨ ਅਤੇ ਸੱਤਵੇਂ ਦਿਨ** ਦੁਹਰਾਈ ਜਾਣੀ ਸੀ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਤੋਂ ਬਾਅਦ, ਉਸ ਨੇ **ਸੰਝ ਨੂੰ ਸ਼ੁੱਧ** ਹੋ ਜਾਣਾ ਸੀ।

**ਆਇਤਾਂ 20, 21.** ਜੋ ਕੋਈ ਵੀ **ਆਪਣੇ ਆਪ ਨੂੰ ਸ਼ੁੱਧ ਕਰਨ** ਦੇ ਲਈ ਉਚਿਤ ਕਦਮ ਉਠਾਉਣ ਵਿਚ ਅਸਫ਼ਲ ਹੁੰਦਾ ਸੀ **ਸਭਾ ਵਿੱਚੋਂ ਛੇਕਿਆ** ਜਾਣਾ ਸੀ, ਕਿਉਂਕਿ ਉਸ ਨੇ **ਯਹੋਵਾਹ ਦੇ ਪਵਿੱਤ੍ਰ ਅਸਥਾਨ ਨੂੰ ਭਰਿਸ਼ਟ** ਕੀਤਾ ਸੀ ਅਤੇ ਉਸ ਦੀ **ਅਸ਼ੁੱਧਤਾਈ** ਵਿਚ ਰਿਹਾ ਸੀ। ਜਿਨ੍ਹਾਂ ਨੇ **ਅਸ਼ੁੱਧਤਾਈ ਦੇ ਜਲ** ਨੂੰ ਫੜਿਆ, ਜਾਂ **ਛੋਹਿਆ** ਵੀ ਸੀ ਉਨ੍ਹਾਂ ਨੇ ਆਪਣੇ **ਕੱਪੜੇ ਧੋਣੇ** ਸਨ ਅਤੇ ਉਨ੍ਹਾਂ ਨੇ **ਸੰਝ ਤੀਕ ਅਸ਼ੁੱਧ ਰਹਿਣਾ** ਸੀ। ਅਸ਼ੁੱਧਤਾਈ ਦੇ ਲਈ ਇਲਾਜ ਆਪਣੇ ਆਪ ਵਿਚ ਅਸ਼ੁੱਧ ਪਦਾਰਥ ਸੀ। ਪਰ, ਉਹ ਵਿਅਕਤੀ ਜਿਹੜਾ ਇਲਾਜ ਨੂੰ ਵਰਤਣ ਦੁਆਰਾ ਅਸ਼ੁੱਧ ਹੋਇਆ ਸੀ ਉਸ ਵਿਅਕਤੀ ਜਿੰਨਾ ਅਸ਼ੁੱਧ ਨਹੀਂ ਸੀ ਜਿਹੜਾ "ਅਸ਼ੁੱਧਤਾਈ ਦੇ ਜਲ" ਦੀ ਵਰਤੋਂ ਦੁਆਰਾ ਸ਼ੁੱਧ ਹੋਇਆ ਸੀ, ਕਿਉਂਕਿ ਉਹ ਸਿਰਫ ਸੰਝ ਤੀਕ ਅਸ਼ੁੱਧ ਸੀ ਅਤੇ ਉਹ ਵਿਅਕਤੀ ਜਿਸ ਤੇ ਜਲ ਛਿੜਕਿਆ ਗਿਆ ਸੀ ਸੱਤ ਦਿਨਾਂ ਤੀਕ ਅਸ਼ੁੱਧ ਸੀ। ਜਿਨ੍ਹਾਂ ਨੇ ਲਾਲ ਗਾਂ ਦੀ ਸੁਆਹ ਨੂੰ ਹੱਥ

ਲਾਇਆ ਸੀ ਉਹ ਵੀ ਅਸ਼ੁੱਧ ਹੋ ਗਏ ਸਨ, ਪਰ ਸਿਰਫ ਸੰਝ ਤੀਕ (19:10)।

ਇਸ ਤਰ੍ਹਾਂ ਕਿਵੇਂ ਹੋ ਸਕਦਾ ਸੀ? ਇਸ ਤਰ੍ਹਾਂ ਲੱਗਦਾ ਹੈ ਕਿ ਕਿਸੇ ਚੀਜ਼ ਦੇ ਲਈ ਜਿਹੜੀ ਪਰਮੇਸ਼ੁਰ ਨੂੰ ਨਰਾਜ਼ ਕਰਦੀ ਹੈ ਇਲਾਜ ਸ਼ਕਤੀਸ਼ਾਲੀ ਹੈ ਅਤੇ ਇਸ ਲਈ ਇਸ ਨੂੰ ਫੜਨਾ ਖ਼ਤਰਨਾਕ ਹੈ। ਅਸੀਂ ਲੋਥ ਨਾਲ ਹੋਈ ਅਸ਼ੁੱਧਤਾਈ ਨੂੰ ਹਟਾਉਣ ਦੇ ਲਈ ਦਿੱਤੇ ਗਏ ਇਸ ਹੱਲ ਦੀ ਤੁਲਨਾ ਕੈਂਸਰ ਦੇ ਲਈ ਰੇਡੀਏਸ਼ਨ (ਤਾਉ) ਇਲਾਜ ਨਾਲ ਕਰ ਸਕਦੇ ਹਾਂ। ਉਹ ਵਿਅਕਤੀ ਜਿਹੜਾ ਉਸ ਮਸ਼ੀਨ ਨੂੰ ਚਲਾਉਂਦਾ ਹੈ ਜਿਹੜੀ ਕੈਂਸਰ ਤੇ ਰੇਡੀਏਸ਼ਨ (ਤਾਉ) ਤੇ ਕੇਂਦਰਿਤ ਹੁੰਦੀ ਹੈ ਉਸ ਨੂੰ ਰੇਡੀਏਸ਼ਨ (ਤਾਉ) ਦੇ ਪ੍ਰਭਾਵਾਂ ਤੋਂ ਬਚਣਾ ਪੈਂਦਾ ਹੈ। ਉਹ ਮਸ਼ੀਨ ਜਿਹੜੀ ਕੈਂਸਰ ਦੇ ਮਰੀਜ ਦਾ ਇਲਾਜ ਕਰਦੀ ਹੈ ਉਸ ਵਿਅਕਤੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਜਿਹੜਾ ਉਸ ਮਸ਼ੀਨ ਨਾਲ ਉਸ ਦਾ ਇਲਾਜ ਕਰਦਾ ਹੈ। ਜੇਕਰ ਮਸ਼ੀਨ ਚਲਾਉਣ ਵਾਲਾ ਅਚਾਨਕ ਰੇਡੀਏਸ਼ਨ (ਤਾਉ) ਦੀ ਚਪੇਟ ਵਿਚ ਆ ਜਾਂਦਾ ਹੈ, ਉਸ ਨੂੰ ਇਸ ਦੇ ਪ੍ਰਭਾਵਾਂ ਨੂੰ ਘਟਾਉਣ ਦੇ ਲਈ, ਇਸ ਤੋਂ ਪੈਦਾ ਹੋਣ ਵਾਲੇ ਖ਼ਤਰੇ ਤੋਂ ਆਪਣੇ ਆਪ ਨੂੰ ਬਚਾਉਣ ਦੇ ਲਈ ਛੇਤੀ ਨਾਲ ਕੁਝ ਕਰਨਾ ਪੈਂਦਾ ਹੈ। ਉਸੇ ਤਰ੍ਹਾਂ, "ਅਸ਼ੁੱਧਤਾਈ ਦਾ ਜਲ" ਅਸ਼ੁੱਧਤਾਈ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਪ੍ਰਭਾਵਸ਼ਾਲੀ ਸੀ ਪਰ ਇਸ ਦੇ ਛਿੜਕਣ ਵਾਲੇ ਤੇ ਅਤੇ ਇਸ ਨੂੰ ਛੋਹਣ ਵਾਲੇ ਤੇ ਇਕ ਨਕਾਰਾਤਮਕ ਪ੍ਰਭਾਵ ਸੀ। ਇਸ ਨੇ ਉਨ੍ਹਾਂ ਨੂੰ ਜਿਨ੍ਹਾਂ ਨੇ ਇਸ ਨੂੰ ਛਿੜਕਿਆ ਅਤੇ ਇਸ ਨੂੰ ਛੋਹਿਆ ਸੀ ਅਸ਼ੁੱਧ ਕਰ ਦਿੱਤਾ ਸੀ ਅਤੇ ਇਹ ਮੰਗ ਕਰਦਾ ਸੀ ਕਿ ਫੇਰ ਤੋਂ ਸ਼ੁੱਧ ਬਣਨ ਦੇ ਲਈ ਕੁਝ ਨਾ ਕੁਝ ਕੀਤਾ ਜਾਵੇ।

**ਆਇਤ 22.** ਅੰਤ ਵਿਚ, ਬੰਦ ਟਿੱਪਣੀ ਕਰਦਾ ਹੈ ਕਿ ਅਸ਼ੁੱਧਤਾਈ ਛੂਤਕਾਰੀ ਸੀ: **ਅਸ਼ੁੱਧ ਜਨ** ਜੋ ਕੁਝ ਵੀ **ਛੋਹੰਦਾ** [ਸੀ] **ਅਸ਼ੁੱਧ** ਹੋ ਜਾਂਦਾ ਸੀ ਅਤੇ ਜੇਕਰ ਕੋਈ ਵੀ ਉਸ ਚੀਜ਼ ਨੂੰ ਛੋਹੰਦਾ ਸੀ, ਇਹ ਉਸ **ਪ੍ਰਾਣੀ** ਨੂੰ **ਸੰਝ ਤੀਕ ਅਸ਼ੁੱਧ** ਬਣਾ ਦਿੰਦੀ ਸੀ।

# ਪ੍ਰਾਸੰਗਿਕਤਾ

### ਸ਼ੁੱਧਤਾ ਦੇ ਪ੍ਰਤੀ ਇਕ ਸਮਰਪਣ (ਅਧਿਆਇ 18; 19)

ਜਾਜਕਾਂ, ਲੇਵੀਆਂ ਅਤੇ ਲਾਲ ਗਾਂ ਵਿਚ ਸੰਭਵ ਤੌਰ ਤੇ ਕੀ ਸਾਂਝ ਹੋ ਸਕਦੀ ਸੀ? ਹਰੇਕ ਨੇ ਇਸਰਾਏਲੀ ਡੇਰੇ ਵਿੱਚੋਂ ਅਸ਼ੁੱਧਤਾਈ ਨੂੰ ਦੂਰ ਕਰਨ ਦੇ ਲਈ ਆਪਣਾ-ਆਪਣਾ ਯੋਗਦਾਨ ਦਿੱਤਾ ਸੀ। ਆਓ ਅਸੀਂ ਉਸ ਤੇ ਵਿਚਾਰ ਕਰੀਏ ਜੋ ਮੂਲ ਲਿਖਤ ਤਿੰਨਾਂ ਬਾਰੇ ਆਖਦੀ ਹੈ।

*ਇਸਰਾਏਲ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਦੀ ਮਹੱਤਤਾ।* ਉਸ ਦੇ ਆਪਣੇ ਲੋਕਾਂ ਵਿੱਚੋਂ, ਪਰਮੇਸ਼ੁਰ ਨੇ ਖ਼ਾਸ ਕੰਮਾਂ - ਮਹੱਤਵਪੂਰਣ ਕੰਮਾਂ ਨੂੰ ਕਰਨ ਦੇ ਲਈ ਜਾਜਕਾਂ ਅਤੇ ਲੇਵੀਆਂ ਨੂੰ ਚੁਣਿਆ ਸੀ। ਜਾਜਕਾਂ ਦੀਆਂ ਕੀ ਜ਼ਿੰਮੇਵਾਰੀਆਂ ਸਨ? ਅਧਿਆਇ 18 ਇਸ ਤਰ੍ਹਾਂ ਸ਼ੁਰੂ ਹੁੰਦਾ ਹੈ, "ਫੇਰ ਯਹੋਵਾਹ ਨੇ ਹਾਰੂਨ ਨੂੰ ਆਖਿਆ ਕਿ ਤੂੰ ਅਤੇ ਤੇਰੇ ਪੁੱਤ੍ਰ ਅਤੇ ਤੇਰੇ ਪਿਤਾ ਦਾ ਘਰਾਣਾ ਤੇਰੇ ਸੰਗ ਪਵਿੱਤ੍ਰ ਅਸਥਾਨ ਦੀ ਬਦੀ ਨੂੰ ਚੁੱਕੋਗੇ ਅਤੇ ਤੂੰ ਅਰ ਤੇਰੇ ਸੰਗ ਤੇਰੇ ਪੁੱਤ੍ਰ ਆਪਣੀ ਜਾਜਕਾਈ ਦੀ ਬਦੀ ਨੂੰ ਚੁੱਕੋਗੇ।" ਇਸ ਸੰਦਰਭ ਵਿਚ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਇਸ ਦਾ ਅਰਥ ਇਹ ਤੱਥ ਹੈ ਕਿ ਜਾਜਕਾਂ ਨੇ ਭੇਟਾਂ ਚੜ੍ਹਾਉਣੀਆਂ ਸਨ ਅਤੇ ਡੇਰੇ ਵਿਚ ਪਵਿੱਤਰ ਅਸਥਾਨ ਵਿਚ ਸੇਵਾ ਟਹਿਲ ਕਰਨੀ ਸੀ। ਪਵਿੱਤ੍ਰ ਅਸਥਾਨ ਦੀ "ਬਦੀ ਨੂੰ ਚੁੱਕੋਗੇ" ਦਾ ਅਰਥ ਇਹ ਸੀ ਕਿ ਜਾਜਕ ਇਹ ਯਕੀਨੀ ਬਣਾਉਣ ਦੇ ਲਈ ਜ਼ਿੰਮੇਵਾਰ ਸਨ ਕਿ ਪਰਮੇਸ਼ੁਰ ਦੇ ਨਿਵਾਸ ਸਥਾਨ ਨੂੰ ਕੋਈ ਅਸ਼ੁੱਧ ਨਾ ਕਰੇ। ਜੇਕਰ ਕੁਝ ਅਜਿਹਾ ਹੋ ਜਾਂਦਾ ਸੀ ਜਿਸ ਨਾਲ ਡੇਰਹਾ ਅਸ਼ੁੱਧ ਜੋ ਜਾਂਦਾ ਸੀ - ਜੇਕਰ ਤੰਬੂ ਜਾਂ ਇਸ ਦੇ ਅੰਦਰ ਜੋ ਪਵਿੱਤਰ ਚੀਜ਼ਾਂ ਸਨ ਉਨ੍ਹਾਂ ਦੀ ਕੋਈ ਦੁਰਵਰਤੋਂ ਕਰ ਲੈਂਦਾ ਸੀ, ਜਾਂ ਕੋਈ ਚੀਜ਼ ਜਾਂ ਕੋਈ ਵਿਅਕਤੀ ਜੋ ਪਰਮੇਸ਼ੁਰ ਦੀ ਸੇਵਾ ਟਹਿਲ ਦੇ ਲਈ ਵੱਖਰਾ ਨਹੀਂ ਸੀ ਕੀਤਾ ਗਿਆ ਇਨ੍ਹਾਂ ਚੀਜ਼ਾਂ ਨੂੰ ਛੋਹ ਲੈਂਦਾ ਸੀ - ਤਾਂ ਜਾਜਕਾਂ ਨੂੰ ਇਸ ਅਪਰਾਧ ਦੀ "ਬਦੀ ਚੁੱਕਣੀ" ਪੈਂਦੀ

ਸੀ। ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਦੋਸ਼ੀ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਇਸ ਪਾਪ ਦੀ ਸਜ਼ਾ ਦਿੱਤੀ ਜਾਂਦੀ ਸੀ!

ਜਾਜਕਾਂ ਦੀ ਇਹ ਜ਼ਿੰਮੇਵਾਰੀ ਕਿੰਨੀ ਭੈਦਾਇਕ ਸੀ! ਇਸਰਾਏਲੀਆਂ ਦੇ ਪ੍ਰਤੀ ਪਰਮੇਸ਼ੁਰ ਦੀ ਚੰਗੀ ਕਿਰਪਾ ਜਾਜਕਾਂ ਦੇ ਚਾਲ-ਚਲਣ ਤੇ ਨਿਰਭਰ ਸੀ। ਪਰਮੇਸ਼ੁਰ ਦੀਆਂ ਬਰਕਤਾਂ ਸਿਰਫ ਓਨੀ ਦੇਰ ਤੱਕ ਜਾਰੀ ਰਹਿਣੀਆਂ ਸਨ ਜਿੰਨੀ ਦੇਰ ਤੱਕ ਉਨ੍ਹਾਂ ਨੇ ਪਵਿੱਤਰ ਅਸਥਾਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਸੀ। ਇੰਨੀ ਵੱਡੀ ਭਾਰੀ ਜ਼ਿੰਮੇਵਾਰੀ ਦੇ ਨਾਲ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਉਨ੍ਹਾਂ ਕੋਲ ਵੱਡੇ ਵਿਸ਼ੇਸ਼ ਅਧਿਕਾਰ ਸਨ।

ਜਦ ਕਿ ਜਾਜਕ ਸਾਰੇ ਲੇਵੀ ਸਨ, ਸਾਰੇ ਲੇਵੀ ਜਾਜਕ ਨਹੀਂ ਸਨ। ਸਿਰਫ ਹਾਰੂਨ ਦੇ ਵੰਸ਼ ਜਾਜਕਾਂ ਦੇ ਤੌਰ ਤੇ ਸੇਵਾ ਕਰ ਸਕਦੇ ਸਨ, ਪਰ ਬਾਕੀ ਲੇਵੀਆਂ ਨੇ ਉਨ੍ਹਾਂ ਦੀ ਮਦਦ ਕਰਨੀ ਸੀ। ਜਾਜਕਾਂ ਦੇ ਸਹਾਇਕਾਂ ਦੇ ਰੂਪ ਵਿਚ, ਲੇਵੀਆਂ ਕੋਲ ਪਰਮੇਸ਼ੁਰ ਦੀਆਂ ਦਿੱਤੀਆਂ ਹੋਈਆਂ ਜ਼ਿੰਮੇਵਾਰੀਆਂ ਸਨ। ਮੁੱਖ ਤੌਰ ਤੇ, ਉਨ੍ਹਾਂ ਦੀ ਜ਼ਿੰਮੇਵਾਰੀ ਜਾਜਕਾਂ ਅਤੇ ਪਵਿੱਤਰ ਅਸਥਾਨ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਦੀ ਸੀ। ਉਨ੍ਹਾਂ ਨੇ ਜਾਜਕਾਂ ਨੂੰ ਡੇਹਰੇ ਵਿਚ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਨੀ ਸੀ (18:2-4)। ਉਨ੍ਹਾਂ ਨੇ "ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਵੀ ਕਰਨੀ" ਸੀ (18:6; ਵੇਖੋ 18:31)। ਜਾਜਕਾਂ ਦੇ ਉਲਟ, ਲੇਵੀਆਂ ਨੇ "ਪਵਿੱਤ੍ਰ ਅਸਥਾਨ ਦੇ ਭਾਂਡਿਆਂ ਕੋਲ ਅਤੇ ਜਗਵੇਦੀ ਕੋਲ" ਆ ਕੇ ਆਪਣੇ ਆਪ ਨੂੰ ਮੌਤ ਦੀ ਸਜ਼ਾ ਦੇ ਅਧੀਨ ਨਹੀਂ ਸੀ ਕਰਨਾ (18:3)। ਲੇਵੀਆਂ ਸੰਬੰਧੀ ਜ਼ਿਆਦਾ ਜਾਣਕਾਰੀ 3, 4 ਅਤੇ 8 ਅਧਿਆਵਾਂ ਵਿਚ ਦਿੱਤੀ ਗਈ ਹੈ।

ਗਿਣਤੀ 18:22 ਲੇਵੀਆਂ ਦੀਆਂ ਜ਼ਿੰਮੇਵਾਰੀਆਂ ਵਿੱਚੋਂ ਇਕ ਹੋਰ ਜ਼ਿੰਮੇਵਾਰੀ ਬਾਰੇ ਦੱਸ ਸਕਦੀ ਹੈ: "ਅੱਗੇ ਨੂੰ ਇਸਰਾਏਲੀ ਮੰਡਲੀ ਦੇ ਤੰਬੂ ਦੇ ਨੇੜੇ ਨਾ ਆਉਣ ਮਤੇ ਓਹ ਪਾਪ ਚੁੱਕਣ ਅਤੇ ਮਰ ਜਾਣ।" ਕਿਉਂਕਿ ਸੰਦਰਭ ਲੇਵੀਆਂ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਕਰਦਾ ਹੈ, ਇਹ ਆਇਤ ਇਹ ਕਹਿੰਦੀ ਪ੍ਰਤੀਤ ਹੁੰਦੀ ਹੈ ਕਿ ਡੇਹਰੇ ਦੀ ਰੱਖਿਆ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਕੋਈ ਅਣਅਧਿਕਾਰਤ ਵਿਅਕਤੀ ਇਸ ਦੇ ਨੇੜੇ ਨਾ ਆਵੇ ਉਨ੍ਹਾਂ ਦੀ ਜ਼ਿੰਮੇਵਾਰੀ ਸੀ।

ਇਸ ਤੋਂ ਇਲਾਵਾ, ਲੇਵੀਆਂ ਦੀ ਇਹ ਜ਼ਿੰਮੇਵਾਰੀ ਸੀ ਕਿ ਉਨ੍ਹਾਂ ਨੂੰ ਜੋ ਕੁਝ ਮਿਲਦਾ ਸੀ ਉਹ ਉਸ ਵਿੱਚੋਂ ਪਰਮੇਸ਼ੁਰ ਨੂੰ ਦੇਣ। ਲੋਕ ਉਨ੍ਹਾਂ ਨੂੰ ਦਸਵੰਧ ਦਿੰਦੇ ਸਨ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਜੋ ਕੁਝ ਮਿਲਦਾ ਸੀ ਉਸ ਦਾ ਦਸਵੰਧ ਦੇਣਾ ਸੀ। 18:26-32 ਵਿਚ ਹਦਾਇਤ ਵਿਖਾਉਂਦੀ ਹੈ ਕਿ ਉਨ੍ਹਾਂ ਨੂੰ ਜੋ ਕੁਝ ਦਿੱਤਾ ਗਿਆ ਸੀ ਉਨ੍ਹਾਂ ਨੇ ਉਸ ਦਾ ਉੱਤਮ ਭਾਗ ਦੇਣਾ ਸੀ। ਉਨ੍ਹਾਂ ਦੇ ਦਸਵੰਧ - ਹਾਲਾਂਕਿ ਪੁਰਾਣੀਆਂ ਦਾਤਾਂ - ਪਰਮੇਸ਼ੁਰ ਦੁਆਰਾ ਇਸ ਤਰ੍ਹਾਂ ਸਵੀਕਾਰ ਕੀਤੀਆਂ ਜਾਣੀਆਂ ਸਨ ਜਿਵੇਂ ਕਿ ਉਨ੍ਹਾਂ ਨੇ ਉਹ ਫਸਲ ਆਪ ਉਗਾਈ ਸੀ। ਜੇਕਰ ਲੇਵੀ ਉਹ ਭਾਗ ਪਰਮੇਸ਼ੁਰ ਨੂੰ ਦੇਣ ਵਿਚ ਅਸਫ਼ਲ ਹੁੰਦੇ ਸਨ ਜੋ ਉਨ੍ਹਾਂ ਨੇ ਉਨ੍ਹਾਂ ਭੇਟਾਂ ਵਿੱਚੋਂ ਦੇਣਾ ਸੀ ਜੋ ਲੋਕਾਂ ਦੁਆਰਾ ਲਿਆਂਦੀਆਂ ਗਈਆਂ ਸਨ, ਤਾਂ ਉਹ "ਇਸਰਾਏਲੀਆਂ ਦੀਆਂ ਪਵਿੱਤ੍ਰ ਚੀਜ਼ਾਂ" ਨੂੰ ਭਰਿਸ਼ਟ ਕਰਨ ਦੇ ਦੋਸ਼ੀ ਸਨ ਅਤੇ ਮੌਤ ਦੇ ਦੋਸ਼ੀ ਠਹਿਰਾਏ ਗਏ ਸਨ (18:32)।

ਅਧਿਆਇ 19 ਜਾਜਕਾਂ ਅਤੇ ਲੇਵੀਆਂ ਦੇ ਵਿਸ਼ੇ ਤੋਂ ਅਸ਼ੁੱਧਤਾਈ ਸੰਬੰਧੀ ਬਿਧੀਆਂ ਪੇਸ਼ ਕਰਨ ਦੀ ਵੱਲ ਮੁੜਦਾ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

19:1-10, ਪਰਮੇਸ਼ੁਰ ਨੇ ਅਸ਼ੁੱਧਤਾਈ ਦੇ ਲਈ ਉਹ ਉਪਾਅ ਦਿੱਤਾ ਸੀ ਜਿਸ ਵਿਚ ਇਕ ਲਾਲ ਗਾਂ ਸ਼ਾਮਲ ਸੀ। ਉਸ ਨੇ ਪਰਧਾਨ ਜਾਜਕ ਨੂੰ ਇਸ ਲਾਲ ਗਾਂ ਨੂੰ ਡੇਰੇ ਤੋਂ ਬਾਹਰ ਕੱਟਣ ਅਤੇ ਫਿਰ ਇਸ ਦੇ ਲਹੂ ਨੂੰ "ਮੰਡਲੀ ਦੇ ਤੰਬੂ ਦੇ ਅਗਲੇ ਪਾਸੇ ਵੱਲ" ਛਿੜਕਣ ਦੀ ਹਦਾਇਤ ਦਿੱਤੀ ਸੀ (19:4)। ਫਿਰ ਜਾਜਕ ਨੇ ਲਾਲ ਗਾਂ ਨੂੰ "ਦਿਆਰ ਦੀ ਲੱਕੜੀ ਅਤੇ ਜੂਫਾ ਅਤੇ ਕਿਰਮਚੀ

ਰੰਗ" ਨਾਲ ਸਾੜਨਾ ਸੀ (19:6)। ਫਿਰ ਜਾਜਕ ਨੇ ਆਪਣੀ ਅਸ਼ੁੱਧਤਾਈ ਨੂੰ ਦੂਰ ਕਰਨ ਦੇ ਲਈ ਅਸ਼ਨਾਨ ਕਰਨਾ ਸੀ ਅਤੇ ਉਹ ਆਦਮੀ ਜਿਸ ਨੇ ਅਸਲ ਵਿਚ ਗਾਂ ਨੂੰ ਸਾੜਿਆ ਸੀ ਉਸ ਨੇ ਵੀ ਇਸੇ ਤਰ੍ਹਾਂ ਕਰਨਾ ਸੀ (19:7, 8)। ਗਾਂ ਦੀ ਸੁਆਹ ਠਿਕਾਣੇ ਲਗਾਉਣ ਦੇ ਲਈ ਪਰਮੇਸ਼ੁਰ ਨੇ ਇਹ ਹਦਾਇਤਾਂ ਦਿੱਤੀਆਂ:

> ਕੋਈ ਸ਼ੁੱਧ ਮਨੁੱਖ ਗਾਂ ਦੀ ਸੁਆਹ ਇਕੱਠੀ ਕਰੇ ਅਤੇ ਉਹ ਨੂੰ ਡੇਰੇ ਤੋਂ ਬਾਹਰ ਸ਼ੁੱਧ ਅਸਥਾਨ ਵਿੱਚ ਰੱਖੇ ਅਤੇ ਉਹ ਇਸਰਾਏਲੀਆਂ ਦੀ ਮੰਡਲੀ ਲਈ ਅਸ਼ੁੱਧਤਾਈ ਦੂਰ ਕਰਨ ਦਾ ਜਲ ਕਰਕੇ ਰੱਖੀ ਜਾਵੇ, ਓਹ ਪਾਪ ਦੀ ਭੇਟ ਹੈ। (19:9)।

ਫਿਰ ਉਸ ਵਿਅਕਤੀ ਨੂੰ ਗਾਂ ਦੀ ਸੁਆਹ ਨੂੰ ਹੱਥ ਲਗਾਉਣ ਦੇ ਕਾਰਣ ਆਪਣੇ ਆਪ ਨੂੰ ਸ਼ੁੱਧ ਕਰਨਾ ਪੈਣਾ ਸੀ। ਇਸ ਤਰੀਕੇ ਨਾਲ, ਲਾਲ ਗਾਂ ਦੀ ਸੁਆਹ, ਜਿਸ ਵਿਚ ਜਲ ਮਿਲਿਆ ਹੋਇਆ ਸੀ, ਲੋਕਾਂ ਵਿੱਚੋਂ ਰਸਮੀ ਅਸ਼ੁੱਧਤਾਈ ਨੂੰ ਦੂਰ ਕਰਨਾ ਦਾ ਜ਼ਰੀਆ ਬਣ ਗਈ।

ਅਧਿਆਇ ਦਾ ਦੂਜਾ ਭਾਗ, 19:11-16, ਵਿਆਖਿਆ ਕਰਦਾ ਹੈ ਕਿ ਲੋਕ ਅਸ਼ੁੱਧ ਜੋ ਜਾਂਦੇ ਸਨ ਜੇਕਰ ਉਹ ਕਿਸੇ ਅਜਿਹੇ ਵਿਅਕਤੀ ਨੂੰ ਛੋਹ ਲੈਂਦੇ ਸਨ ਜੋ ਮਰ ਚੁੱਕਾ ਸੀ। ਉਸ ਦੀ ਅਸ਼ੁੱਧਤਾਈ ਸੱਤ ਦਿਨ ਤੀਕ ਰਹਿੰਦੀ ਸੀ। ਸ਼ੁੱਧ ਹੋਣ ਦੇ ਲਈ, ਉਸ ਨੂੰ ਅਸ਼ੁੱਧ ਹੋਣ ਤੋਂ ਬਾਅਦ ਤੀਜੇ ਅਤੇ ਸੱਤਵੇਂ ਦਿਨ ਸ਼ੁੱਧ ਕਰਨ ਵਾਲਾ ਜਲ ਵਰਤਣਾ ਪੈਂਦਾ ਸੀ। ਜਦੋਂ ਉਹ ਦੱਸੇ ਗਏ ਇਲਾਜ ਦਾ ਪਾਲਣ ਕਰਦਾ ਸੀ, ਉਹ ਸ਼ੁੱਧ ਜੋ ਜਾਂਦਾ ਸੀ; ਜੇਕਰ ਉਹ ਆਪਣੇ ਆਪ ਨੂੰ ਸਹੀ ਤਰ੍ਹਾਂ ਸ਼ੁੱਧ ਕਰਨ ਵਿਚ ਅਸਫ਼ਲ ਹੁੰਦਾ ਸੀ, ਉਹ ਅਸ਼ੁੱਧ ਰਹਿੰਦਾ ਸੀ (19:12, 13)।

ਅਧਿਆਇ ਦਾ ਤੀਜਾ ਭਾਗ, 19:17-22, ਵੇਰਵੇ ਨਾਲ ਦੱਸਦਾ ਹੈ ਕਿ ਲਾਲ ਗਾਂ ਦੀ ਸੁਆਹ ਨੂੰ ਲੋਕਾਂ ਨੂੰ ਉਨ੍ਹਾਂ ਦੀ ਅਸ਼ੁੱਧਤਾਈ ਤੋਂ ਸ਼ੁੱਧ ਕਰਨ ਦੇ ਲਈ ਕਿਵੇਂ ਵਰਤਿਆ ਜਾਣਾ ਸੀ। ਅਸ਼ੁੱਧ ਵਿਅਕਤੀ ਨੂੰ ਸ਼ੁੱਧ ਬਣਨ ਦੇ ਲਈ ਤਿੰਨ ਚੀਜ਼ਾਂ ਦੀ ਲੋੜ ਸੀ: (1) ਲਾਲ ਗਾਂ ਦੀ ਸੁਆਹ ਨਾਲ ਸ਼ੁੱਧ ਕਰਨ ਵਾਲਾ ਮਿਸ਼ਰਤ ਜਲ, (2) ਸ਼ੁੱਧ ਆਦਮੀ ਦੁਆਰਾ ਉਸ ਸ਼ੁੱਧ ਕਰਨ ਵਾਲੇ ਮਿਸ਼ਰਣ ਨੂੰ ਉਸ ਤੇ ਛਿੜਕਣਾ ਅਤੇ (3) ਸ਼ੁੱਧ ਹੋਣ ਦੀ ਉਸ ਦੀ ਆਪਣੀ ਇੱਛਾ। ਅਸ਼ੁੱਧ ਵਿਅਕਤੀ ਦੇ ਸੰਬੰਧ ਵਿਚ ਜਿਸ ਨੇ "ਆਪਣੇ ਆਪ ਨੂੰ ਅਸ਼ੁੱਧਤਾਈ ਤੋਂ ਸ਼ੁੱਧ ਨਹੀਂ ਸੀ ਕੀਤਾ" ਮੂਲ ਲਿਖਤ ਆਖਦੀ ਹੈ, "ਉਹ ਪ੍ਰਾਣੀ ਸਭਾ ਵਿੱਚੋਂ ਛੇਕਿਆ ਜਾਵੇ ਕਿਉਂ ਜੋ ਉਹ ਨੇ ਯਹੋਵਾਹ ਦੇ ਪਵਿੱਤ੍ਰ ਅਸਥਾਨ ਨੂੰ ਭਰਿਸ਼ਟ ਕੀਤਾ; ਅਸ਼ੁੱਧਤਾਈ ਦਾ ਜਲ ਉਹ ਦੇ ਉੱਤੇ ਨਹੀਂ ਛਿੜਕਿਆ ਗਿਆ ਸੋ ਉਹ ਅਸ਼ੁੱਧ ਹੈ" (19:20)। ਅਸ਼ੁੱਧ ਹੋਣਾ ਬਿਵਸਥਾ ਅਧੀਨ ਮੌਤ ਦੀ ਸਜ਼ਾ ਲਾਇਕ ਅਪਰਾਧ ਨਹੀਂ ਸੀ, ਪਰ ਅਸ਼ੁੱਧ ਰਹਿਣਾ ਅਤੇ ਸ਼ੁੱਧ ਹੋਣ ਤੋਂ ਇਨਕਾਰ ਕਰਨਾ ਜਾਂ ਲਾਪਰਵਾਹੀ ਕਰਨਾ ਮੌਤ ਦੀ ਸਜ਼ਾ ਲਾਇਕ ਅਪਰਾਧ ਜ਼ਰੂਰ ਸੀ। ਇਸ ਦਾ ਨਤੀਜਾ ਇਹ ਹੁੰਦਾ ਸੀ ਕਿ ਅਸ਼ੁੱਧ ਵਿਅਕਤੀ ਨੂੰ ਸਭਾ ਵਿੱਚੋਂ "ਛੇਕਿਆ" ਜਾਂਦਾ ਸੀ ਜੋ ਇਹ ਕਹਿਣ ਦਾ ਇਕ ਹੋਰ ਤਰੀਕਾ ਹੈ ਕਿ ਉਹ ਮੌਤ ਦੀ ਸਜ਼ਾ ਦੇ ਅਧੀਨ ਸੀ! ਸ਼ੁੱਧ ਹੋਣ ਦੀ ਪ੍ਰਕਿਰਿਆ ਬਾਰੇ ਦੋ ਹੋਰ ਤੱਥ 19:21, 22 ਵਿਚ ਪਰਗਟ ਕੀਤੇ ਗਏ ਹਨ: (1) ਸ਼ੁੱਧ ਆਦਮੀ ਜਿਸ ਨੇ ਅਸ਼ੁੱਧ ਵਿਅਕਤੀ ਦੇ ਸ਼ੁੱਧ ਕਰਨ ਵਾਲਾ ਜਲ ਲਾਇਆ ਸੀ ਖੁਦ "ਸੰਝ ਤੀਕ" ਅਸ਼ੁੱਧ ਹੋ ਗਿਆ ਸੀ ਅਤੇ (2) ਅਸ਼ੁੱਧਤਾਈ ਛੂਤਕਾਰੀ ਸੀ। ਕੋਈ ਵੀ ਚੀਜ਼ ਜਿਸ ਨੂੰ ਅਸ਼ੁੱਧ ਵਿਅਕਤੀ ਨੇ ਛੋਹਿਆ ਸੀ "ਸੰਝ ਤੀਕ" ਅਸ਼ੁੱਧ ਹੋ ਗਈ ਸੀ।

ਸ਼ਾਇਦ 18 ਅਤੇ 19 ਅਧਿਆਵਾਂ ਵਿਚ ਪੇਸ਼ ਕੀਤਾ ਗਿਆ ਮੁੱਖ ਵਿਚਾਰ, ਇਕੱਠਿਆਂ, ਇਸਰਾਏਲ ਵਿਚ ਰਸਮੀ ਸ਼ੁੱਧਤਾਈ ਦੀ ਮਹੱਤਤਾ ਅਤੇ ਉਸ ਸ਼ੁੱਧਤਾਈ ਨੂੰ ਬਰਕਰਾਰ ਰੱਖਣ ਵਿਚ ਜਾਜਕਾਂ ਅਤੇ ਲੇਵੀਆਂ ਦੁਆਰਾ ਨਿਭਾਈ ਗਈ ਭੂਮਿਕਾ ਹੈ।

*ਸ਼ੁੱਧਤਾਈ ਨੂੰ ਬਰਕਰਾਰ ਰੱਖਣ ਦਾ ਅਰਥ।* ਸਾਡੇ ਲਈ ਇਸ ਬੰਦ ਦਾ ਕੀ ਅਰਥ ਹੈ? ਮੁੱਖ

ਤੌਰ ਤੇ, ਇਹ ਸਾਨੂੰ ਅੱਜ ਪਰਮੇਸ਼ੁਰ ਦੇ ਲੋਕਾਂ ਨੂੰ ਸਫ਼ਾਈ, ਸ਼ੁੱਧਤਾ ਅਤੇ ਪਵਿੱਤਰਤਾਈ ਬਾਰੇ ਚਿੰਤਤ ਹੋਣ ਦੀ ਲੋੜ ਬਾਰੇ ਦੱਸਦਾ ਹੈ। ਕਲੀਸੀਆ "ਜਾਜਕਾਂ ਦੀ ਪਵਿੱਤਰ ਮੰਡਲੀ" ਹੈ (1 ਪਤਰਸ 2:5); ਮਸੀਹੀ ਲੋਕਾਂ ਨੂੰ ਜਿਵੇਂ ਪਰਮੇਸ਼ੁਰ ਪਵਿੱਤਰ ਹੈ ਉਸ ਤਰ੍ਹਾਂ ਪਵਿੱਤਰ ਬਣਨ ਦੇ ਲਈ ਸੱਦਿਆ ਗਿਆ ਹੈ (1 ਪਤਰਸ 1:15, 16)। ਇਸ ਲਈ, ਸਾਨੂੰ ਵਿਅਕਤੀਗਤ ਮਸੀਹੀ ਲੋਕ ਹੋਣ ਦੇ ਨਾਤੇ ਆਪਣੇ ਆਪ ਨੂੰ ਸੁੱਚਾ ਰੱਖਣ ਦਾ ਜਤਨ ਕਰਨ ਦੇ ਲਈ ਕਿਹਾ ਗਿਆ ਹੈ (ਰੋਮੀਆਂ 12:1, 2; 1 ਤਿਮੋਥਿਉਸ 5:22)। ਜਿਵੇਂ ਇਸਰਾਏਲੀ ਲੋਕ ਮ੍ਰਿਤਕ ਲੋਕਾਂ ਨੂੰ ਹੱਥ ਲਾਉਣ ਤੋਂ ਬਚੇ ਸਨ, ਕਿਉਂਕਿ ਉਹ ਜਾਣਦੇ ਸਨ ਕਿ ਲੋਥਾਂ ਉਨ੍ਹਾਂ ਨੂੰ ਅਸ਼ੁੱਧ ਬਣਾ ਦੇਣਗੀਆਂ, ਉਸੇ ਤਰ੍ਹਾਂ ਮਸੀਹੀ ਲੋਕਾਂ ਨੂੰ ਜਗਤ ਦੀਆਂ "ਲੋਥਾਂ" - ਪਾਪ ਜਿਹੜੇ ਭਰਿਸ਼ਟ ਕਰਦੇ ਅਤੇ ਪ੍ਰਾਣ ਨੂੰ ਮਾਰਦੇ ਹਨ - ਤੋਂ ਬਚਣਾ ਚਾਹੀਦਾ ਹੈ।

ਨਾ ਸਿਰਫ ਸਾਨੂੰ ਵਿਅਕਤੀਗਤ ਤੌਰ ਤੇ ਆਪਣੇ ਆਪ ਨੂੰ ਪਵਿੱਤਰ ਰੱਖਣ ਬਾਰੇ ਚਿੰਤਤ ਹੋਣਾ ਚਾਹੀਦਾ ਹੈ, ਪਰ ਸਾਨੂੰ ਕਲੀਸੀਆ ਨੂੰ ਵੀ ਇਕ ਦੇਹ ਦੇ ਰੂਪ ਵਿਚ ਸ਼ੁੱਧ ਰੱਖਣ ਬਾਰੇ ਗੰਭੀਰ ਹੋਣਾ ਚਾਹੀਦਾ ਹੈ। ਯਿਸੂ ਨੇ "[ਕਲੀਸੀਆ ਨੂੰ] ਸ਼ੁੱਧ ਕੀਤਾ ... ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ" (ਅਫ਼ਸੀਆਂ 5:26, 27)। ਦਰਅਸਲ, ਕਲੀਸੀਆ ਨੂੰ ਸ਼ੁੱਧ ਰੱਖਣ ਦੇ ਲਈ, ਪੌਲੁਸ ਨੇ ਕੁਰਿੰਥੁਸ ਵਿਚ ਮੰਡਲੀ (ਕਲੀਸੀਆ) ਨੂੰ ਉਸ ਭਰਾ ਤੋਂ ਪਿੱਛੇ ਹਟਣ ਦੀ ਹਦਾਇਤ ਦਿੱਤੀ ਸੀ ਜਿਹੜਾ ਸ਼ਰੇਆਮ ਜ਼ਨਾਹਕਾਰੀ ਵਿਚ ਜੀ ਰਿਹਾ ਸੀ (ਵੇਖੋ 1 ਕੁਰਿੰਥੀਆਂ 5)। ਕਿਉਂ? ਇਸ ਕਾਰਣ ਕਿ ਉਹ ਪਾਪੀ ਭਰਾ ਨੂੰ ਨਫਰਤ ਕਰਦਾ ਸੀ ਜਾਂ ਇਸ ਕਾਰਣ ਕਿ ਉਹ ਚਾਹੁੰਦਾ ਸੀ ਕਿ ਕਲੀਸੀਆ ਉਸ ਭਰਾ ਨੂੰ ਨਫਰਤ ਕਰੇ? ਨਹੀਂ, ਇਸ ਕਾਰਣ ਕਿਉਂਕਿ ਉਹ ਕਲੀਸੀਆ ਸ਼ੁੱਧਤਾਈ, ਪਵਿੱਤਰਤਾ ਦੇ ਪ੍ਰਤੀ ਸਮਰਪਿਤ ਸੀ।

ਸਾਨੂੰ ਆਤਮਿਕ ਸ਼ੁੱਧਤਾਈ ਦੇ ਪ੍ਰਤੀ ਕਿਵੇਂ ਸਮਰਪਿਤ ਹੋਣਾ ਚਾਹੀਦਾ ਹੈ? ਘੱਟੋ-ਘੱਟ ਓਨੇ ਸਮਰਪਿਤ ਜਿੰਨੇ ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੇ ਲੋਕ ਅਤੇ ਉਨ੍ਹਾਂ ਦੇ ਆਗੂ ਇਸਰਾਏਲ ਦੀ ਰਸਮੀ ਸ਼ੁੱਧਤਾ ਦੇ ਪ੍ਰਤੀ ਸਮਰਪਿਤ ਹੋਣ! ਜੇਕਰ ਉਸ ਸਮੇਂ ਪਰਮੇਸ਼ੁਰ ਦੇ ਲੋਕਾਂ ਦੇ ਲਈ ਸ਼ੁੱਧ ਰਹਿਣਾ ਜ਼ਰੂਰੀ ਸੀ, ਤਾਂ ਅੱਜ ਪਰਮੇਸ਼ੁਰ ਦੇ ਲੋਕਾਂ - ਕਲੀਸੀਆ ਜਿਸ ਦੇ ਲਈ ਮਸੀਹ ਨੇ ਆਪਣੀ ਜਾਨ ਦਿੱਤੀ - ਦੇ ਲਈ ਸ਼ੁੱਧ ਰਹਿਣਾ ਕਿੰਨਾ ਜ਼ਿਆਦਾ ਜ਼ਰੂਰੀ ਹੈ!

ਲੋਕ ਸਫ਼ਾਈ ਬਾਰੇ ਮਜਬੂਰ ਹਨ, ਹਰ ਕੁਝ ਮਿੰਟਾਂ ਬਾਅਦ ਆਪਣੇ ਹੱਥਾਂ ਨੂੰ ਧੋਣਾ ਅਜੀਬ ਜਾਪਦਾ ਹੈ। ਹਾਲਾਂਕਿ ਦੁਨੀਆ ਵਿਚ ਮਜਬੂਰ ਵਿਹਾਰ ਅਜੀਬ ਹੈ, ਅਸੀਂ ਜੋ ਕਿ ਮਸੀਹੀ ਹਾਂ ਸਾਨੂੰ ਆਤਮਿਕ ਜੀਵਨਾਂ ਵਿਚ ਉਸੇ ਤਰ੍ਹਾਂ ਦੇ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਆਪ ਨੂੰ "ਜਗਤ ਤੋਂ ਨਿਹਕਲੰਕ" ਰੱਖਣ (ਯਾਕੂਬ 1:27; KJV) ਅਤੇ ਕਲੀਸੀਆ ਨੂੰ ਸ਼ੁੱਧ ਰੱਖਣ ਦੇ ਸੰਬੰਧ ਵਿਚ ਸਮਰਪਿਤ - ਅਤੇ ਸ਼ਾਇਦ ਉਹ ਵੀ ਜਿਸ ਨੂੰ ਕੁਝ ਲੋਕ ਕਾਫੀ ਜ਼ਿਆਦਾ ਚਿੰਤਤ ਵਜੋਂ ਵੇਖਦੇ ਹਨ - ਹੋਣਾ ਚਾਹੀਦਾ ਹੈ।

*ਸਿੱਟਾ।* ਕੀ ਤੁਸੀਂ ਆਤਮਿਕ ਸ਼ੁੱਧਤਾਈ ਦੇ ਲਈ ਸਮਰਪਿਤ ਹੋ? ਜੇਕਰ ਤੁਸੀਂ ਪਰਮੇਸ਼ੁਰ ਦੀ ਨਜ਼ਰ ਵਿਚ ਸਾਫ਼ ਅਤੇ ਸ਼ੁੱਧ ਬਣਨਾ ਚਾਹੁੰਦੇ ਹੋ, ਲਾਲ ਗਾਂ ਦੀ ਸੁਆਹ ਦੁਆਰਾ ਦਿੱਤੀ ਜਾਣ ਵਾਲੀ ਸ਼ੁੱਧਤਾਈ ਉਸ ਦਾ ਇਕ ਰੂਪ ਪੇਸ਼ ਕਰਦੀ ਹੈ ਕਿ ਤੁਸੀਂ ਕਿਵੇਂ ਸ਼ੁੱਧ ਹੋ ਸਕਦੇ ਹੋ। ਲਾਲ ਗਾਂ ਨੂੰ ਜਾਨੋਂ ਮਾਰਿਆ ਗਿਆ ਸੀ; ਉਸ ਦਾ ਲਾਲ ਰੰਗ ਲਹੂ ਅਤੇ ਪਰਾਸਚਿਤ ਵਿਚਕਾਰ ਸੰਬੰਧ ਤੇ ਜ਼ੋਰ ਦਿੰਦਾ ਸੀ। ਮੰਡਲੀ ਦੇ ਤੰਬੂ ਵੱਲ ਛਿੜਕਿਆ ਗਿਆ ਲਹੂ ਸ਼ੁੱਧਤਾ ਦਾ ਪ੍ਰਤੀਕ ਸੀ ਅਤੇ ਗਾਂ ਦੀ ਸੁਆਹ ਜਿਸ ਵਿਚ ਜਲ ਮਿਲਾਇਆ ਗਿਆ ਸੀ ਉਸ ਨੇ ਸ਼ੁੱਧਤਾਈ ਦੇ ਜਲ ਨੂੰ ਬਣਾਇਆ, ਜਿਹੜਾ ਲੋਕਾਂ ਨੂੰ ਉਨ੍ਹਾਂ ਦੀ ਰਸਮੀ ਅਸ਼ੁੱਧਤਾਈ ਤੋਂ ਧੋਣ ਦੇ ਲਈ ਵਰਤਿਆ ਗਿਆ ਸੀ।

ਕੋਈ ਮਰਿਆ ਅਤੇ ਸਾਡੇ ਲਈ ਆਪਣਾ ਲਹੂ ਵਹਾਇਆ - ਉਹ ਪਰਮੇਸ਼ੁਰ ਦਾ ਪੁੱਤਰ ਯਿਸੂ ਹੈ! ਲਹੂ ਜੋ ਉਸ ਨੇ ਵਹਾਇਆ ਉਹ ਪਰਮੇਸ਼ੁਰ ਦੀ ਸਭਾ, ਮਸੀਹ ਦੀ ਕਲੀਸੀਆ ਨੂੰ ਮੁੱਲ ਲੈਣ ਦੇ ਲਈ ਵਰਤਿਆ ਗਿਆ ਸੀ (ਰਸੂਲਾਂ ਦੇ ਕਰਤੱਬ 20:28)। ਅਸੀਂ ਉਸ ਦੇ ਲਹੂ ਨਾਲ ਸ਼ੁੱਧ ਕੀਤੇ ਗਏ ਹਾਂ (ਮੱਤੀ 26:28; ਅਫ਼ਸੀਆਂ 1:7) ਅਤੇ ਇਹ ਸ਼ੁੱਧਤਾਈ ਉਦੋਂ ਹੁੰਦੀ ਹੈ ਜਦੋਂ ਅਸੀਂ ਪਾਪਾਂ ਦੀ ਮਾਫ਼ੀ ਦੇ ਲਈ ਮਸੀਹ ਵਿਚ ਬਪਤਿਸਮਾ ਲੈਂਦੇ ਹਾਂ (ਰਸੂਲਾਂ ਦੇ ਕਰਤੱਬ 22:16)।

ਸਾਡਾ ਸ਼ੁੱਧ ਹੋਣਾ ਵੱਖਰਾ ਹੈ। ਜਦੋਂ ਅਸੀਂ ਬਪਤਿਸਮਾ ਲੈਂਦੇ ਹਾਂ, ਅਸੀਂ ਸਿਰਫ ਰਸਮੀ ਤੌਰ ਤੇ ਸ਼ੁੱਧ ਨਹੀਂ ਹੁੰਦੇ ਹਾਂ। ਸਾਡੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਜਦੋਂ ਮੈਂ ਧਰਮੀ ਠਹਿਰਾਇਆ ਜਾਂਦਾ ਹਾਂ, ਇਹ ਇਸ ਤਰ੍ਹਾਂ ਹੈ ਜਿਵੇਂ ਕਿ ਮੈਂ ਕਦੇ ਪਾਪ ਹੀ ਨਹੀਂ ਸੀ ਕੀਤਾ!

ਇਕ ਹੋਰ ਤਰੀਕੇ ਨਾਲ, ਸਾਡਾ ਸ਼ੁੱਧ ਹੋਣਾ ਇਸਰਾਏਲੀਆਂ ਦੇ ਸ਼ੁੱਧ ਹੋਣ ਵਾਂਗ ਹੈ। ਜੇਕਰ ਉਹ ਉਨ੍ਹਾਂ ਦੀ ਰਸਮੀ ਅਸ਼ੁੱਧਤਾਈ ਨੂੰ ਦੂਰ ਕਰਨ ਵਿਚ ਅਸਫ਼ਲ ਹੋ ਜਾਂਦੇ ਸਨ, ਤਾਂ ਉਹ ਆਪਣੇ ਆਪ ਨੂੰ ਮੌਤ ਦੀ ਸਜ਼ਾ ਦੇ ਅਧੀਨ ਪਾਉਂਦੇ ਸਨ। ਜੇਕਰ ਅਸੀਂ ਯਿਸੂ ਦੇ ਲਹੂ ਦੁਆਰਾ ਸ਼ੁੱਧ ਨਹੀਂ ਕੀਤੇ ਗਏ ਹਾਂ, ਅਸੀਂ ਮੌਤ ਦੀ ਸਜ਼ਾ ਦੇ ਅਧੀਨ ਰਹਿੰਦੇ ਹਾਂ ਜੋ ਸਾਡੇ ਪਾਪਾਂ ਦੇ ਕਾਰਣ ਸਾਨੂੰ ਦਿੱਤੀ ਗਈ ਸੀ (ਰੋਮੀਆਂ 6:23)।

---

ਟਿੱਪਣੀਆਂ

[1]ਲਾਉਰਿਸਟਨ ਜੇ. ਡੂ ਬੋਇਸ, "ਦ ਬੁਕ ਆਫ਼ ਗਿਣਤੀ," ਦੀ ਪੁਸਤਕ *ਬੀਕਨ ਬਾਈਬਲ ਕਮੈਂਟਰੀ*, ਜਿਲਦ 1, *ਜੈਨੇਸਿਸ ਥਰੂ ਡਿਉਟਰੋਨੋਮੀ* (ਕਾਨਸਸ ਸਿਟੀ, ਮਿਸੂਰੀ: ਬੀਕਨ ਹਿਲ ਪ੍ਰੈਸ, 1969), 451. [2]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 147 ਤੇ *ਗਿਣਤੀ* ਹੈ। [3]ਡੂ ਬੋਇਸ, 451. [4]ਕਲਾਈਡ ਐਮ. ਵੁਡਸ ਅਤੇ ਜਸਟਿਨ ਐਮ. ਰੋਜਰਸ ਦੀ ਪੁਸਤਕ ਦ ਕਾੱਲੇਜ ਪ੍ਰੈਸ ਐਨਆਈਵੀ ਕਮੈਂਟਰੀ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ ਪਬਲਿਸ਼ਿੰਗ ਕੰਪਨੀ, 2006) ਵਿਚ ਸਫ਼ਾ 294 ਤੇ *ਲੇਵੀਆਂ-ਗਿਣਤੀ* ਹੈ। [5]ਰੌਏ ਗੇਨ ਦੀ ਪੁਸਤਕ ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 660 ਤੇ *ਲੇਵੀਆਂ-ਗਿਣਤੀ* ਹੈ; ਜੇ. ਮਿਲਗਰੋਮ, "ਦ ਪੈਰਾਡੌਕਸ ਆਫ਼ ਰੈਡ ਕਾਓ (ਨੰ. XIX)," *ਵੀਟਸ ਟੈਸਟਾਮੈਨਟਮ* 31, ਨੰ. 1 (ਜਨਵਰੀ 1981): 63. [6]ਗੈਰ-ਯਹੂਦੀ ਲਿਖਤਾਂ ਵਿਚ, ਰਸਮੀ ਸ਼ੁੱਧੀਕਰਨ ਦੇ ਲਈ ਵੱਛੇ ਦੀ ਸੁਆਹ ਵਰਤਣ ਦੀ ਤਸਦੀਕ ਉਸ ਰਚਨਾ ਤੋਂ ਕੀਤੀ ਗਈ ਹੈ ਜੋ ਪਹਿਲੀ ਸਦੀ ਈਸਾ ਪੂਰਵ ਦੇ ਅੰਤ ਵਿਚ ਲਿਖੀ ਗਈ ਸੀ (ਓਵਿਡ *ਫਾਸਟੀ* 4.639-40, 725, 733)। [7]*ਨੰਬਰਸ ਰੱਬਾਹ* 19.1.5. [8]ਪਹਿਲੀ ਸਦੀ ਈਸਵੀ ਵਿਚ, ਕਬਰਾਂ ਨੂੰ ਅਚਾਨਕ ਮਲੀਨਤਾਈ ਤੋਂ ਰੋਕਣ ਦੇ ਲਈ ਅਕਸਰ ਕਲੀ ਫੇਰੀ ਜਾਂਦੀ ਸੀ (ਮੱਤੀ 23:27; ਲੂਕਾ 11:44)। [9]ਵੁਡਸ ਅਤੇ ਰੋਜਰਸ, 298. [10]ਗੇਨ, 660.